ISSN: 2584-0509

# ਪਾਤਰ ਨੂੰ ਸੀਸ ਨਿਵਾ ਆਵਾਂ



**ਜਸਵਿੰਦਰ ਸਿੰਘ ਰੁਪਾਲ**
+91 98147-15796

ਇਹ " **ਬਿਰਖ ਅਰਜ਼ ਕਰੇ**" ਜੋ ਉਹ, ਸਭਨਾਂ ਦੇ ਕੰਨੀਂ ਪਾ ਆਵਾਂ।
"**ਲਫਜ਼ਾਂ ਦੀ ਦਰਗਾਹ**" ਤੇ ਜਾ, ਕੋਈ ਤਾਂ ਭੇਟ ਚੜ੍ਹਾ ਆਵਾਂ ।

"**ਪਤਝੜ ਦੀ ਪੰਜੇਬ**" ਸਦਾ, ਕਰਦੀ ਹੀ ਰਹਿੰਦੀ ਹੈ ਛਣ ਛਣ,
ਮੈ ਉਸ ਧੁਨ ਅੰਦਰ ਗੀਤ ਸੁਣਾ ਸਭਨਾਂ ਦੇ ਦਿਲ ਧੜਕਾ ਆਵਾਂ।

ਮਰਮਰ ਤੇ ਉੱਕਰੇ ਖੁਰ ਜਾਣੇ , ਰੰਗੀਂ ਚਿੱਤਰੇ ਵੀ ਨਈਂ ਰਹਿਣੇ,
"**ਹਵਾ ਵਿਚ ਲਿਖੇ ਹਰਫ਼**" ਤੇਰੇ, ਉਹ ਸਭ ਨੂੰ ਯਾਦ ਕਰਾ ਆਵਾਂ।

ਪਸਰੇ ਚੁਤਰਫ਼ੀ "**ਹਨੇਰੇ ਵਿਚ ਸੁਲਘਦੀ ਵਰਣਮਾਲਾ**" ਜਿਹੜੀ
ਹਰ ਹਿਰਦੇ ਦੇ ਮੈ ਧੁਰ ਅੰਦਰ ਉਸ ਦਾ ਕੁਝ ਸੇਕ ਪੁਚਾ ਆਵਾਂ ।

ਕੋਈ ਰਾਗ ਨਵਾਂ ਅੰਦਾਜ਼ ਨਵਾਂ ਮੈਂ ਸਾਜ ਨਵਾਂ ਕੋਈ ਲੈ ਕੇ
ਉਪਜਾਊ "**ਸੁਰ ਜ਼ਮੀਨ**" ਅੰਦਰ, ਇਕ ਸੋਹਣਾ ਬੀਜ ਲਗਾ ਆਵਾਂ ।

ਟੀਸੀ ਤੇ ਜਾ "ਰੁਪਾਲ" ਬਵ੍ਹੇ, " **ਸੂਰਜ ਮੰਦਰ ਦੀਆਂ ਪੌੜੀਆਂ**" ਤੋਂ,,
"**ਇਹ ਬਾਤ ਨਿਰੀ ਏਨੀ ਹੀ ਨਹੀਂ**", ਇਹ ਸਭ ਨੂੰ ਸੱਚ ਸੁਣਾ ਆਵਾਂ ।

ਆਹ ਸ਼ਰਧਾ ਦੇ ਫੁੱਲ ਭੇਟ ਕਰਾਂ ,ਉਸ ਸ਼ਬਦਾਂ ਦੇ ਵਣਜਾਰੇ ਨੂੰ ,
ਜੀਵਨ ਦਾ ਨਾਟਕ ਖੇਡ ਗਿਆ, ਪਾਤਰ ਨੂੰ ਸੀਸ ਨਿਵਾ ਆਵਾਂ ।

***


www.khojnama.com khojnamapb03@gmail.com